# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

## ਪ੍ਰੈਸ ਨੋਟ

## ਗਊ ਧਨ ਦੀ  ਸੁ਼ੰਭ ਸੰਭਾਲ ਲਈ ਕੈਟਲ ਪਾਓਂਡ ਬਣਾਉਣ ਦਾ ਕੰਮ ਜਲਦੀ ਹੋਵੇਗਾ ਸ਼ੁਰੂ.....ਮੇਅਰ ਸ਼ਿਵ ਸੂਦ

## ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਨਾਈਟ ਸ਼ੈਲਟਰ ਦੀ ਉਸਾਰੀ ਲਈ 48.29 ਲੱਖ ਦੀ ਪ੍ਰਵਾਨਗੀ

ਹੁਸ਼ਿਆਰਪੁਰ 3 ਮਾਰਜ ਨਗਰ ਨਿਗਮ ਹੁਸਿ਼ਆਰਪੁਰ ਦੇ ਵੱਖ ਵੱਖ ਵਾਰਡਾਂ ਵਿਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਲਈ ਬਣਾਈ ਗਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਅੱਜ ਸਵਾਮੀ ਵਿਵੇਕਾਨੰਦ ਮਿਊਂਸਪਲ ਭਵਨ ਵਿਖੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਦੀ ਪ੍ਰਧਾਨਗੀ ਹੇਠ ਉਹਨਾਂ ਦੇ ਦਫਤਰ ਵਿਖੇ ਆਯੋਜਿਤ ਕੀਤੀ ਗਈ।ਨਗਰ ਨਿਗਮ ਦੇ ਕਮਿਸ਼ਨਰ ਆਨੰਦ ਸਾਗਰ ਸ਼ਰਮਾ, ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਡਿਪਟੀ ਮੇਅਰ ਸ਼ੁਕਲਾ ਦੇਵੀ ਸ਼ਰਮਾ, ਕੌਂਸਲਰ ਸ਼੍ਰੀਮਤੀ ਕਵਿਤਾ ਪਰਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਪਵਨ ਭੱਟੀ ਅਤੇ ਰਾਹੁਲ ਸ਼ਰਮਾ ਵੀ ਇਸ ਮੀਟਿੰਗ ਵਿਚ ਹਾਜਰ ਸਨ।

ਮੀਟਿੰਗ ਵਿਚ ਨਗਰ ਨਿਗਮ ਹੁਸਿ਼ਆਰਪੁਰ ਦੇ ਵੱਖ ਵੱਖ ਵਾਰਡਾਂ ਵਿਚ ਜਰੂਰੀ ਵਿਕਾਸ ਦੇ ਕੰਮਾਂ ਸਬੰਧੀ ਵਿਚਾਰ ਵਟਾਂਦਰਾਂ ਕਰਨ ਉਪਰੰਤ ਮੇਅਰ ਸਿ਼ਵ ਸੂਦ ਨੇ ਦਸਿਆ ਕੀ ਗਊ ਧਨ ਦੀ ਸੁ਼ੰਭ ਸੰਭਾਲ ਲਈ ਕੈਟਲ ਪਾਓਂਡ ਬਣਾਉਣ ਦਾ ਕੰਮ ਜਲਦੀ ਸੁ਼ਰੂ ਕੀਤਾ ਜਾ ਰਿਹਾ ਹੈ ।ਇਸ ਵਿੱਚ ਆਵਾਰਾ ਕੁੱਤਿਆਂ ਨੂੰ ਰੱਖਣ ਲਈ ਵੀ ਡੋਗ ਪਾਓਂਡ ਬਣਾਇਆ ਜਾਵੇਗਾ ,ਇਸ ਸਬੰਧੀ ਪ੍ਰਾਪਤ ਹੋਇਆ ਟੈਂਡਰ ਠੇਕਾ ਕਮੇਟੀ ਵਲੋਂ ਪ੍ਰਵਾਨ ਕੀਤਾ ਗਿਆ ਹੈ।ਪੰਜਾਬ ਸਟੇਟ ਅਰਬਨ ਲਾਈਵਲੀਹੁਡ ਮਿਸ਼ਨ ਤਹਿਤ ਨਗਰ ਨਿਗਮ ਵਲੋਂ ਨਾਈਟ ਸ਼ੈਲਟਰ ਦੀ ਉਸਾਰੀ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਲੋਂ 48.29 ਲੱਖ ਰੁਪਏ ਦੀ ਮੰਜੂਰੀ ਦਿੱਤੀ ਗਈ ਹੈ ।ਇਸ ਦੀ ਉਸਾਰੀ ਹੋਣ ਓਪਰੰਤ ਯਾਤਰੀਆਂ ਅਤੇ ਬੇਘਰੇ ਲੋਕਾਂ ਨੂੰ ਠਹਿਰਣ ਦੀ ਸਹੂਲਤ ਮਿਲੇਗੀ।ਉਹਨਾਂ ਹੋਰ ਦਸਿਆ ਕੀ ਵਿੱਤ ਅਤੇ ਠੇਕਾ ਵਲੋਂ ਸਮਸ਼ਾਨ ਘਾਟ ਲਈ ਬਾਲਣ ਦੀ ਖਰੀਦ ਸਬੰਧੀ ਖਰਚੇ ਦੀ ਮੰਜ਼ਰੀ ਦਿੱਤੀ ਗਈ ਅਤੇ ਨਗਰ ਨਿਗਮ ਦੇ ਵੱਖ -ਵੱਖ ਵਾਰਡਾਂ ਵਿੱਚ ਸਟਰੀਟ ਲਾਈਟ ਦੀ ਵੋਲਟੇਜ਼ ਦੀ ਕਮੀ ਦੁਰੂ ਕਰਨ ਲਈ ਨਵੇ ਬਿਜਲੀ  ਦੇ ਮੀਟਰ ਲਗਾਉਣ ਲਈ 77.520 ਰੁਪਏ ਬਿਜਲੀ ਵਿਭਾਗ ਨੂੰ ਦੇਣ ਸਬੰਧੀ ਮੰਜੂਰੀ ਦਿੱਤੀ ਗਈ ਹੈ ।